## Prime Minister of Denmark calls on the President of India

October 09, 2021

---

# ਡੈਨਮਾਰਕ ਦੇ ਪ੍ਰਧਾਨ ਮੰਤਰੀ ਦੀ ਭਾਰਤੀ ਰਾਸ਼ਟਰਪਤੀ ਨਾਲ ਮੁਲਾਕਾਤ

**9 ਅਕਤੂਬਰ, 2021**

ਡੈਨਮਾਰਕ ਰਾਜ ਦੀ ਪ੍ਰਧਾਨ ਮੰਤਰੀ ਮਹਾਮਹਿਮ ਸ਼੍ਰੀਮਤੀ ਮੈਟੇ ਫਰੈਡਰਿਕਸਨ, ਜੋ ਭਾਰਤ ਦੀ ਸਰਕਾਰੀ ਯਾਤਰਾ 'ਤੇ ਹਨ, ਨੇ ਅੱਜ (9 ਅਕਤੂਬਰ, 2021) ਨੂੰ ਰਾਸ਼ਟਰਪਤੀ ਭਵਨ ਵਿਖੇ ਭਾਰਤ ਦੇ ਰਾਸ਼ਟਰਪਤੀ ਸ਼੍ਰੀ ਰਾਮ ਨਾਥ ਕੋਵਿੰਦ ਨਾਲ ਮੁਲਾਕਾਤ ਕੀਤੀ। ਡੈਨਮਾਰਕ ਰਾਜ ਦੇ ਮੰਤਰੀ ਕਿਸੇ ਸਰਕਾਰ ਦੇ ਪਹਿਲੇ ਮੁਖੀ ਹਨ ਜਿਨ੍ਹਾਂ ਨੇ ਕੋਵਿਡ -19 ਮਹਾਂਮਾਰੀ ਦੇ ਸ਼ੁਰੂ ਹੋਣ ਤੋਂ ਰਾਸ਼ਟਰਪਤੀ ਨਾਲ ਮੁਲਾਕਾਤ ਕੀਤੀ ਹੈ।

ਪ੍ਰਧਾਨ ਮੰਤਰੀ ਅਤੇ ਉਨ੍ਹਾਂ ਦੇ ਪਤੀ ਦਾ ਭਾਰਤ ਵਿੱਚ ਸਵਾਗਤ ਕਰਦਿਆਂ ਰਾਸ਼ਟਰਪਤੀ ਨੇ ਕਿਹਾ ਕਿ ਭਾਰਤ ਅਤੇ ਡੈਨਮਾਰਕ ਪੁਰਾਣੇ ਦੋਸਤ ਹਨ ਅਤੇ ਸਾਡੇ ਨਿੱਘੇ ਅਤੇ ਦੋਸਤਾਨਾ ਸਬੰਧ ਇਤਿਹਾਸ ਅਤੇ ਸਾਂਝੇ ਮੁੱਲਾਂ ਅਤੇ ਇੱਛਾਵਾਂ ਨਾਲ ਜੁੜੇ ਹੋਏ ਹਨ। ਭਾਰਤ ਅਤੇ ਡੈਨਮਾਰਕ ਦਰਮਿਆਨ ਹਾਲ ਹੀ ਵਿੱਚ ਸ਼ੁਰੂ ਕੀਤੀ ਗਈ ਗ੍ਰੀਨ ਰਣਨੀਤਕ ਸਾਂਝੇਦਾਰੀ ਸਾਡੇ ਰਿਸ਼ਤੇ ਨੂੰ ਹੋਰ ਮਜ਼ਬੂਤ ਬਣਾਵੇਗੀ। ਉਨ੍ਹਾਂ ਅੱਗੇ ਇਹ ਵੀ ਕਿਹਾ ਕਿ ਭਾਰਤ ਅਤੇ ਡੈਨਮਾਰਕ ਦੇ ਮਜ਼ਬੂਤ ਵਪਾਰਕ ਅਤੇ ਨਿਵੇਸ਼ ਸਬੰਧ ਹਨ ਅਤੇ ਕਿਹਾ ਕਿ ਮੇਕ ਇਨ ਇੰਡੀਆ, ਜਲ ਜੀਵਨ ਮਿਸ਼ਨ, ਸਮਾਰਟ ਸਿਟੀਜ਼, ਡਿਜੀਟਲ ਇੰਡੀਆ, ਸਟਾਰਟ ਅਪ ਇੰਡੀਆ, ਕਲੀਨ ਇੰਡੀਆ, ਕਲੀਨ ਗੰਗਾ ਆਦਿ ਵਰਗੇ ਪ੍ਰਮੁੱਖ ਰਾਸ਼ਟਰੀ ਮਿਸ਼ਨਾਂ ਨੂੰ ਅੱਗੇ ਲੈ ਜਾਣ ਵਿੱਚ ਮਦਦ ਕਰਨ ਰਾਹੀਂ ਡੈਨਮਾਰਕ ਦੇ ਜਨਤਕ ਅਤੇ ਨਿੱਜੀ ਅਦਾਰੇ ਪਹਿਲਾਂ ਹੀ ਭਾਰਤ ਦੇ ਕਈ ਰਾਜਾਂ ਵਿੱਚ ਸਰਗਰਮੀ ਨਾਲ ਕੰਮ ਕਰ ਰਹੇ ਹਨ।

ਰਾਸ਼ਟਰਪਤੀ ਨੇ ਅਗਲੇ ਸਾਲ ਡੈਨਮਾਰਕ ਦੀ ਮਹਾਰਾਣੀ ਮਹਾਮਹਿਮ ਮਾਰਗ੍ਰੇਥੇ II ਨੂੰ ਭਾਰਤ ਆਉਣ ਦਾ ਸੱਦਾ ਦਿੱਤਾ, ਜੋ ਉਨ੍ਹਾਂ ਦੇ ਰਾਜ ਦੀ ਗੋਲਡਨ ਜੁਬਲੀ ਹੈ ਅਤੇ ਭਾਰਤ ਦੀ ਆਜ਼ਾਦੀ ਦੇ 75ਵੇਂ ਸਾਲ ਦੇ ਮਹੱਤਵਪੂਰਣ ਮੌਕੇ ਨਾਲ ਮੇਲ ਖਾਂਦਾ ਹੈ. ਉਨ੍ਹਾਂ ਅੱਗੇ ਕਿਹਾ ਕਿ ਡੈਨਮਾਰਕ ਦੀ ਮਹਾਰਾਣੀ ਮਹਾਮਹਿਮ ਮਾਰਗ੍ਰੇਥੇ II ਵੱਲੋਂ 1963 ਵਿੱਚ ਰਾਜਕੁਮਾਰੀ ਵਜੋਂ ਕੀਤੀ ਗਈ ਭਾਰਤ ਦੀ ਯਾਤਰਾ ਨੂੰ ਅਜੇ ਵੀ ਭਾਰਤ ਵਿੱਚ ਗਰਮਜੋਸ਼ੀ ਨਾਲ ਯਾਦ ਕੀਤਾ ਜਾਂਦਾ ਹੈ।

ਰਾਸ਼ਟਰਪਤੀ ਨੇ ਭਾਰਤ ਵਿੱਚ ਕੋਵਿਡ -19 ਮਹਾਂਮਾਰੀ ਦੀ ਦੂਜੀ ਲਹਿਰ ਦੌਰਾਨ ਇੱਕਜੁਟਤਾ ਵਿਖਾਉਣ ਲਈ ਡੈਨਿਸ਼ ਮਹਾਰਾਣੀ ਅਤੇ ਸਰਕਾਰ ਅਤੇ ਡੈਨਮਾਰਕ ਦੇ ਲੋਕਾਂ ਦਾ ਧੰਨਵਾਦ ਕੀਤਾ।

ਨਵੀਂ ਦਿੱਲੀ

9 ਅਕਤੂਬਰ, 2021

DISCLAIMER: This is an approximate translation. The original is available in English on MEA's website and may be referred to as the official press release.